## ਡਾਇਰੈਕਟੋਰੇਟ ਆਫ ਸਪੋਰਟਸ, ਪੰਜਾਬ

## <u>ਮਹਾਰਾਜਾ ਰਣਜੀਤ ਸਿੰਘ ਅਵਾਰਡ ਲਈ ਬਿਨੈ ਪੱਤਰਾਂ ਦੀ ਮੰਗ</u>

ਪੰਜਾਬ ਖੇਡ ਵਿਭਾਗ ਵਲੋਂ ਸਾਲ 2੦੦9 ਅਤੇ ਸਾਲ 2੦1੦ ਲਈ ਹੇਠ ਲਿਖੇ ਕੰਪੀਟੀਸ਼ਨਾਂ ਵਿਚ ਮੈਡਲ ਪ੍ਰਾਪਤ ਕਰਨ ਵਾਲੇ / ਭਾਗ ਲੈਣ ਵਾਲੇ ਪੰਜਾਬ ਦੇ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਸਨਮਾਨਿਤ ਕਰਨ ਲਈ ਨੰਬਰਾਂ ਦੇ ਅਧਾਰ ਉਤੇ ਬਿਨੈ ਪੱਤਰ ਮੰਗੇ ਜਾਂਦੇ ਹਨ:-

| ਲੜੀ ਨੰ. | ਟੂਰਨਾਂਮੈਂਟ ਦਾ ਨਾਂ | ਗੋਲਡ | ਸਿਲਵਰ | ਬਰਾਉਂਜ | ਪਾਰਟੀਸੀਪੇਸ਼ਨ |
|---|---|---|---|---|---|
| 1. | ਓਲੰਪਿਕ ਗੇਮਜ | 100 | 90 | 80 | 20 |
| 2. | ਵਰਲਡ ਕੱਪ/ ਚੈਂਪੀਅਨਸ਼ਿਪ | 80 | 70 | 60 | 15 |
| 3. | ਏਸ਼ੀਅਨ ਗੇਮਜ਼ | 60 | 50 | 40 | 10 |
| 4. | ਕਾਮਨਵੈਲਥ ਗੇਮਜ਼ | 60 | 50 | 40 | 10 |
| 5. | ਏਸ਼ੀਅਨ/ ਕਾਮਨ ਵੈਲਥ ਚੈਂਪੀਅਨਸ਼ਿਪਸ/ ਕੱਪ | 40 | 30 | 20 | 5 |
| 6. | ਵਰਲਡ ਜੂਨੀਅਰ ਚੈਂਪੀਅਨਸ਼ਿਪ | 40 | 30 | 20 | 5 |
| 7. | ਵਰਲਡ ਯੂਨੀਵਰਸਿਟੀ ਗੇਮਜ਼ | 40 | 30 | 20 | 5 |
| 8. | ਸੈਫ ਗੇਮਜ਼ | 20 | 10 | 10 | - |
| 9. | ਨੈਸ਼ਨਲ ਗੇਮਜ਼/ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ/ ਆਲ ਇੰਡੀਆ ਇੰਟਰ ਯੂਨੀਵਰਸਿਟੀ ਟੂਰਨਾਂਮੈਂਟ (ਏ.ਆਈ.ਯੂ.) | 10 | 8 | 6 | - |
| 10. | ਕ੍ਰਿਕਟ ਮੈਚਿਜ਼ | ਪੰਜਾਬ ਦੇ ਉਹ ਖਿਡਾਰੀ ਜਿਨ੍ਹਾਂ ਨੇ ਟੈਸਟ ਮੈਚ/ ਇੱਕ ਦਿਵਸੀ/ ਇੰਟਰਨੈਸ਼ਨਲ ਮੈਚ (ਸੀਨੀਅਰ) ਵਿੱਚ ਹਿੱਸਾ ਲਿਆ ਹੈ, ਉਨ੍ਹਾਂ ਨੂੰ ਹਰ ਸਾਲ ਦੇ 1੦ ਅੰਕ ਦਿੱਤੇ ਜਾਣਗੇ। | | | |

### <u>ਮਹਾਰਾਜਾ ਰਣਜੀਤ ਸਿੰਘ ਅਵਾਰਡ ਦੀ ਰਾਸ਼ੀ:-</u>

ਇਸ ਅਵਾਰਡ ਅਧੀਨ ਯੋਗ ਖਿਡਾਰੀ ਨੂੰ 2.੦੦ ਲੱਖ ਰੁ. ਦਾ ਨਗਦ ਇਨਾਮ, ਮਹਾਰਾਜਾ ਰਣਜੀਤ ਸਿੰਘ ਜੀ ਦੀ ਜੰਗੀ ਪੁਸ਼ਾਕ ਵਿੱਚ ਘੋੜੇ ਉਤੇ ਸਵਾਰ ਟਰਾਫੀ, ਬਲੇਜਰ ਸਮੇਤ ਪਾਕਿਟ ਅਤੇ ਇੱਕ ਮਾਣ ਪੱਤਰ ਦਿੱਤਾ ਜਾਵੇਗਾ।

### <u>ਮਹਾਰਾਜਾ ਰਣਜੀਤ ਸਿੰਘ ਅਵਾਰਡ ਲਈ ਯੋਗਤਾ</u>

**1. ਗੇਮਾਂ :-** ਐਕੁਏਟਿਕ (ਤੈਰਾਕੀ, ਵਾਟਰ ਪੋਲੋ, ਡਾਇਵਿੰਗ ਅਤੇ ਸਿੰਕਰੋਨਾਈਜ਼ਡ ਤੈਰਾਕੀ), ਐਥਲੈਟਿਕਸ, ਆਰਚਰੀ, ਬੈਡਮਿੰਟਨ, ਬਾਸਕਟਬਾਲ, ਬੇਸਬਾਲ, ਬਾਕਸਿੰਗ, ਕਨੋਇੰਗ ਅਤੇ ਕਾਇਕਿੰਗ, ਸਾਈਕਲਿੰਗ, ਘੋੜਸਵਾਰੀ, ਫੈਨਸਿੰਗ, ਫੁੱਟਬਾਲ, ਜਿਮਨਾਸਟਿਕਸ (ਸਮੇਤ ਰਿਦਮਿਕ ਜਿਮਨਾਸਟਿਕ), ਹੈਂਡਬਾਲ, ਹਾਕੀ, ਜੂਡੋ, ਮੌਡਰਨ ਪੈਂਟੈਥਲੋਨ, ਰੋਇੰਗ, ਸੇਲਿੰਗ, ਸ਼ੂਟਿੰਗ, ਟੇਬਲ ਟੈਨਿਸ, ਤਾਈਕਾਂਡੋ, ਟੈਨਿਸ, ਟਰਾਈਐਥਲੋਨ, ਵਾਲੀਬਾਲ ( ਸਮੇਤ ਬੀਚ ਵਾਲੀਬਾਲ), ਕੁਸ਼ਤੀ (ਫਰੀ ਸਟਾਈਲ ਅਤੇ ਗਰੀਕੋ ਰੋਮਨ) ਵੇਟ ਲਿਫਟਿੰਗ, ਕਬੱਡੀ (ਨੈਸ਼ਨਲ ਅਤੇ ਸਰਕਲ ਸਟਾਈਲ), ਕ੍ਰਿਕਟ ਅਤੇ ਫਿਜੀਕਲ ਹੈਂਡੀਕੈਪਡ ਗੇਮਜ

2. ਮਹਾਰਾਜਾ ਰਣਜੀਤ ਸਿੰਘ ਅਵਾਰਡ ਸਾਲ 2੦੦9 ਲਈ ਖਿਡਾਰੀ ਦੀਆਂ ਪ੍ਰਾਪਤੀਆਂ ਮਿਤੀ 1-1-2੦੦4 ਤੋਂ 31-12-2੦੦8 ਤੱਕ ਅਤੇ ਸਾਲ 2੦1੦ ਲਈ ਖਿਡਾਰੀ ਦੀਆਂ ਪ੍ਰਾਪਤੀਆਂ ਮਿਤੀ 1-1-2੦੦5 ਤੋਂ 31-12-2੦੦9 ਤੱਕ ਹੋਣੀ ਚਾਹੀਦੀਆਂ ਹਨ ਅਤੇ 5 ਸਾਲਾਂ ਵਿੱਚ ਘੱਟੋ-ਘੱਟ 4੦ ਅੰਕ ਪ੍ਰਾਪਤ ਕਰਨੇ ਜਰੂਰੀ ਹਨ।

3. ਮਹਾਰਾਜਾ ਰਣਜੀਤ ਸਿੰਘ ਅਵਾਰਡ ਇੱਕ ਸਾਲ ਵਿੱਚ ਕ੍ਰਿਕਟ, ਕਬੱਡੀ ਅਤੇ ਫਿਜੀਕਲ ਹੈਂਡੀਕੈਪਡ ਗੇਮਾਂ ਨੂੰ ਛੱਡਕੇ ਬਾਕੀ ਦਰਸਾਈਆਂ ਗੇਮਾਂ ਵਿੱਚ ਵੱਧ ਤੋਂ ਵੱਧ 15 ਖਿਡਾਰੀਆਂ ਨੂੰ ਮੈਰਿਟ ਅਨੁਸਾਰ ਦਿੱਤਾ ਜਾਵੇਗਾ।

4. ਸਾਲ 2੦੦9 ਅਤੇ ਸਾਲ 2੦1੦ ਲਈ ਪੰਜਾਬ ਦੇ ਪਦਮਾਸ਼੍ਰੀ, ਅਰਜਨਾ ਅਵਾਰਡ ਅਤੇ ਰਾਜੀਵ ਗਾਂਧੀ ਖੇਲ ਰਤਨ ਅਵਾਰਡ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਸਿੱਧੇ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਪ੍ਰਾਪਤ ਕਰਨ ਲਈ ਯੋਗ ਹੋਣਗੇ। ਇਸ ਲਈ ਇਹ ਅਵਾਰਡੀ ਵੀ ਆਪਣਾ ਬਿਨੈਪੱਤਰ ਸਮੇਤ ਸਰਟੀਫਿਕੇਟ ਭੇਜਣ।

5. ਮਹਾਰਾਜਾ ਰਣਜੀਤ ਸਿੰਘ ਅਵਾਰਡ ਕੇਵਲ ਪੰਜਾਬ ਦੇ ਵਸਨੀਕ ਖਿਡਾਰੀ ਨੂੰ ਹੀ ਦਿੱਤਾ ਜਾਵੇਗਾ।

**ਚਲਦਾ ਪੰਨਾ 2.....**

6. ਜੇਕਰ ਕਿਸੇ ਖੇਡ ਵਿੱਚ ਇੱਕ ਤੋਂ ਵੱਧ ਦਾਵੇਦਾਰ ਹੋਣਗੇ ਤਾਂ ਸੀਨੀਅਰ ਮੋਸਟ ਖਿਡਾਰੀ (ਉਮਰ ਵਿੱਚ ਨਹੀਂ ਬਲਕਿ ਖੇਡ ਵਿੱਚ) ਨੂੰ ਦਿੱਤਾ ਜਾਵੇਗਾ।

7. ਕੇਵਲ ਉਹੀ ਖਿਡਾਰੀ ਜਿਨ੍ਹਾਂ ਨੇ ਰਾਸ਼ਟਰੀ/ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਪੰਜਾਬ ਰਾਜ ਦੀ ਪ੍ਰਤੀਨਿਧਤਾ ਕੀਤੀ ਹੋਵੇ, ਇਸ ਅਵਾਰਡ ਲਈ ਯੋਗ ਹੋਣਗੇ। ਸਿਰਫ ਉਹਨਾਂ ਖਿਡਾਰੀਆਂ/ ਖਿਡਾਰਨਾਂ ਨੂੰ ਛੋਟ ਹੋਵੇਗੀ ਜੋ ਸਰਕਾਰੀ/ਅੱਧ ਸਰਕਾਰੀ ਵਿਭਾਗਾਂ ਵਿੱਚ ਨੌਕਰੀ ਕਰਦੇ ਹੋਣ ਕਰਕੇ ਪੰਜਾਬ ਦੀ ਪ੍ਰਤੀਨਿੱਧਤਾ ਨਹੀਂ ਕਰ ਸਕੇ, ਪਰੰਤੂ ਅਜਿਹੇ ਖਿਡਾਰੀਆਂ ਵਲੋਂ ਹੋਰ ਸਾਰੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ ਵਿੱਚ ਪੰਜਾਬ ਰਾਜ ਦੀ ਪ੍ਰਤੀਨਿਧਤਾ ਕੀਤੀ ਹੋਵੇ।

8. ਟੀਮ ਈਵੈਂਟ ਵਿੱਚ ਕੇਵਲ ਉਹੀ ਨੈਸ਼ਨਲ ਚੈਂਪੀਅਨਸ਼ਿਪਾਂ, ਜਿਸ ਵਿੱਚ 8 ਰਾਜਾਂ ਦੀਆਂ ਟੀਮਾਂ ਨੇ ਭਾਗ ਲਿਆ ਹੋਵੇ ਅਤੇ ਵਿਕਅਤੀਗਤ ਖੇਡਾਂ ਵਿੱਚ ਘੱਟੋ-ਘੱਟ 7 ਖਿਡਾਰੀਆਂ ਨੇ ਭਾਗ ਲਿਆ ਹੋਵੇ, ਨੂੰ ਯੋਗ ਮੰਨਿਆ ਜਾਵੇਗਾ।

ਖਿਡਾਰੀਆਂ ਵਲੋਂ ਆਫੀਸ਼ੀਅਲ ਅੰਤਰਰਾਸ਼ਟਰੀ ਸਪੋਰਟਸ ਸੰਸਥਾ ਜੋ ਇੰਟਰਨੈਸ਼ਨਲ ਉਲੰਪਿਕ ਕਮੇਟੀ (ਆਈ.ਓ.ਸੀ.) ਜਾਂ ਇੰਡੀਅਨ ਓਲੰਪਿਕ ਸੰਸਥਾ (ਆਈ.ਓ.ਏ.) ਵਲੋਂ ਮਾਣਤਾ ਪ੍ਰਾਪਤ ਨੈਸ਼ਨਲ ਸਪੋਰਟਸ ਫੈਡਰੇਸ਼ਨ ਵਲੋਂ ਜਾਰੀ ਕੀਤੇ ਮੈਡਲਾਂ/ ਪੁਜੀਸ਼ਨਾਂ ਦੇ ਖੇਡ ਪ੍ਰਾਪਤੀਆਂ ਦੇ ਸਰਟੀਫਿਕੇਟਾਂ ਦੀਆਂ ਤਸ਼ਦੀਕ ਸੁਦਾ ਕਾਪੀਆਂ ਅਤੇ ਆਪਣੀਆਂ 2 ਤਾਜ਼ਾ ਪਾਸਪੋਰਟ ਸਾਈਜ ਫੋਟੋਆਂ, ਆਪਣੇ ਬਿਨੈ ਪੱਤਰ ਨਾਲ ਨੱਥੀ ਕਰਕੇ ਭੇਜਣੀਆਂ ਹੋਣਗੀਆਂ। ਤਸਦੀਕ ਸੁਦਾ ਸਰਟੀਫਿਕੇਟਾਂ ਤੋਂ ਬਿਨ੍ਹਾਂ ਉਸ ਦੀਆਂ ਪ੍ਰਾਪਤੀਆਂ ਮੰਨਣ ਯੋਗ ਨਹੀਂ ਹੋਣਗੀਆਂ।

ਯੋਗ ਖਿਡਾਰੀ ਆਪਣੇ ਬਿਨੈ ਪੱਤਰ ਨਿਰਧਾਰਤ ਪ੍ਰੋਫਾਰਮੇ ਵਿਚ ਸਿੱਧੇ ਤੌਰ ਤੇ ਜਾਂ ਸਬੰਧਤ ਜਿਲ੍ਹਾ ਖੇਡ ਅਫਸਰ ਰਾਹੀਂ ਜਾਂ ਪੰਜਾਬ ਉਲੰਪਿਕ ਸੰਸਥਾ ਰਾਹੀਂ ਮਿਤੀ 8-7-2011 ਤੱਕ ਡਾਇਰੈਕਟਰ ਸਪੋਰਟਸ ਪੰਜਾਬ, ਐਸ.ਸੀ.ਓ. ਨੰਬਰ -116-117, ਸੈਕਟਰ 34ਏ, ਚੰਡੀਗੜ੍ਹ ਨੂੰ ਭੇਜਣਗੇ। ਇਸ ਮਿਤੀ ਤੋਂ ਬਾਅਦ ਵਿਚ ਪ੍ਰਾਪਤ ਹੋਏ ਬਿਨੈ ਪੱਤਰਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

**-ਸਹੀ/-**
**ਡਾਇਰੈਕਟਰ ਸਪੋਰਟਸ,ਪੰਜਾਬ।**

ਪ੍ਰੋਫਾਰਮਾ :-

1. ਸਾਲ (ਜਿਸ ਲਈ ਅਪਲਾਈ ਕੀਤਾ ਹੈ) -
2. ਖਿਡਾਰੀ ਦਾ ਨਾਮ
3. ਪਿਤਾ ਦਾ ਨਾਂ
4. ਮਾਤਾ ਦਾ ਨਾਂ
5. ਜਨਮ ਮਿਤੀ
6. ਵਿਦਿਅਕ ਯੋਗਤਾ
7. ਪ੍ਰੋਫੈਸ਼ਨਲ ਯੋਗਤਾ
8. ਪੇਸ਼ਾ (ਨੌਕਰੀ ਅਤੇ ਅਹੁੱਦਾ, ਵਿਦਿਆਰਥੀ ਵਗੈਰਾ)
9. ਪੱਤਰ ਵਿਹਾਰ ਲਈ ਪਤਾ
10. ਪੱਕਾ ਪਤਾ
11. ਟੈਲੀਫੋਨ ਨੰਬਰ
12. ਮੋਬਾਇਲ ਨੰਬਰ
13. ਖੇਡ ਪ੍ਰਾਪਤੀਆਂ

| **ਲੜੀ ਨੰਬਰ** | **ਕੰਪੀਟੀਸ਼ਨ ਦਾ ਨਾਂ** | **ਸਥਾਨ** | **ਮਿਤੀ** | **ਪੁਜੀਸ਼ਨ** |
| --- | --- | --- | --- | --- |

**ਖਿਡਾਰੀ ਦੇ ਹਸਤਾਖਰ**